ਅੱਜ ਮਿਤੀ 25.02.2019 ਨੂੰ ਸਵੇਰੇ 10.00 ਵਜੇ ਸ. ਮੇਘ ਸਿੰਘ ਸਿੱਧੂ, ਸੂਬਾ ਪ੍ਰਧਾਨ, ਦੀ ਅਗਵਾਈ ਹੇਠ ਪੀ.ਐਸ.ਐਮ.ਐਸ.ਯੂ ਦੀ ਹਾਈ ਪਾਵਰਡ ਕਮੇਟੀ, ਪੰਜਾਬ ਸਿਵਲ ਸਕੱਤਰੇਤ ਸਟਾਫ ਐਸੋਸੀਏਸ਼ਨ ਅਤੇ ਸਾਂਝਾ ਮੁਲਾਜ਼ਮ ਮੰਚ ਦੇ ਕਨਵੀਨਰਾਂ ਦੀ ਪੰਜਾਬ ਸਰਕਾਰ ਵੱਲੋਂ ਕਾਇਮ ਕੀਤੀ ਕਮੇਟੀ ਆਫ ਮਿਨਿਸਟਰਜ਼ ਨਾਲ ਪੰਜਾਬ ਭਵਨ, ਚੰਡੀਗੜ੍ਹ ਵਿਖੇ ਹੋਈ। ਚੇਅਰਮੈਨ, ਸ੍ਰੀ ਬ੍ਰਹਮ ਮਹਿੰਦਰਾ, ਸਿਹਤ ਮੰਤਰੀ, ਮੈਂਬਰ ਸ੍ਰੀ ਮਨਪ੍ਰੀਤ ਸਿੰਘ ਬਾਦਲ, ਵਿੱਤ ਮੰਤਰੀ ਅਤੇ ਮੈਂਬਰ ਸ੍ਰੀ ਚਰਨਜੀਤ ਸਿੰਘ ਚੰਨੀ, ਤਕਨੀਕੀ ਸਿੱਖਿਆ ਮੰਤਰੀ ਇਸ ਮੀਟਿੰਗ ਵਿੱਚ ਮੌਜੂਦ ਸਨ। ਉਕਤ ਮੰਤਰੀ ਸਾਹਿਬਾਨਾਂ ਤੋਂ ਇਲਾਵਾ ਮੀਟਿੰਗ ਵਿੱਚ ਸ੍ਰੀ ਅਨਿਰੁੱਧ ਤਿਵਾੜੀ, ਪ੍ਰਮੁੱਖ ਸਕੱਤਰ ਵਿੱਤ, ਸ੍ਰੀ ਜਸਪਾਲ ਸਿੰਘ, ਪ੍ਰਮੁੱਖ ਸਕੱਤਰ, ਆਮ ਰਾਜ ਪ੍ਰਬੰਧ ਵਿਭਾਗ, ਪੰਜਾਬ ਸਿਵਲ ਸਕੱਤਰੇਤ, ਸ੍ਰੀਮਤੀ ਹਰਗੁਣਜੀਤ ਕੌਰ ਵਧੀਕ ਸਕੱਤਰ, ਪ੍ਰਸੋਨਲ ਇਸ ਮੀਟਿੰਗ ਵਿੱਚ ਮੌਜੂਦ ਸਨ ਜਿਨ੍ਹਾਂ ਵੱਲੋਂ ਹੇਠ ਦਰਸਾਏ ਮੁੱਖ ਮੁੱਦਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਫੈਸਲਾ ਕੀਤਾ ਗਿਆ ਕਿ ਇਸ ਸਬੰਧੀ ਮਾਨਯੋਗ ਮੁੱਖ ਮੰਤਰੀ ਜੀ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ **ਵਿਧਾਨ ਸਭਾ ਦੇ ਬਜਟ ਸੈਸ਼ਨ ਮਿਤੀ 25.02.2019 ਜਾਂ ਮਿਤੀ 26.02.2019 ਨੂੰ ਹੋਣ ਵਾਲੀ ਕੈਬਿਨਟ ਕਮੇਟੀ ਵਿੱਚ** ਐਲਾਨ ਕਰ ਦਿੱਤਾ ਜਾਵੇਗਾ:-

| ਲੜੀ ਨੰ: | ਵਿਚਾਰੀਆਂ ਗਈਆਂ ਮੰਗਾਂ | ਕਮੇਟੀ ਵੱਲੋਂ ਦਿੱਤਾ ਆਸ਼ਵਾਸਨ |
|---|---|---|
| 1. | ਮਹਿੰਗਾਈ ਭੱਤਾ (ਡੀ.ਏ) : | ਮਹਿੰਗਾਈ ਭੱਤੇ ਸਬੰਧੀ ਕਮੇਟੀ ਵੱਲੋਂ 6% ਤੋਂ ਵਧਾਕੇ 2 ਕਿਸ਼ਤਾਂ ਦਿੰਦੇ ਹੋਏ 7% ਕਰਨ ਸਬੰਧੀ ਹਾਮੀ ਭਰੀ ਗਈ ਅਤੇ ਇਸ ਨੂੰ ਮਿਤੀ 01.01.2017 ਅਤੇ 01.07.2017 ਤੋਂ ਦੇਣ ਸਬੰਧੀ ਵਿਧਾਨ ਸਭਾ ਸੈਸ਼ਨ ਦੌਰਾਨ ਐਲਾਨ ਕੀਤਾ ਜਾਵੇਗਾ। |
| 2. | ਸਾਲ 2004 ਤੋਂ ਬਾਦ ਭਰਤੀ ਹੋਏ ਕਰਮਚਾਰੀਆਂ ਲਈ ਡੀ.ਸੀ.ਆਰ.ਜੀ ਅਤੇ ਐਕਸ ਗਰੇਸ਼ੀਆ ਬਾਰੇ | ਸਾਲ 2004 ਤੋਂ ਬਾਦ ਭਰਤੀ ਹੋਏ ਕਰਮਚਾਰੀਆਂ ਲਈ ਡੀ.ਸੀ.ਆਰ.ਜੀ ਅਤੇ ਐਕਸ ਗਰੇਸ਼ੀਆ ਬਾਰੇ ਦੇਣ ਬਾਰੇ ਵੀ ਸਹਿਮਤੀ ਪ੍ਰਗਟਾਉਂਦੇ ਹੋਏ ਵਿਧਾਨ ਸਭਾ ਸੈਸ਼ਨ ਦੌਰਾਨ ਐਲਾਨ ਕੀਤਾ ਜਾਵੇਗਾ। |
| 3. | ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਕਮੇਟੀ ਦੇ ਗਠਨ ਬਾਰੇ: | ਕਮੇਟੀ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਰੀਵੀਊ ਕਮੇਟੀ ਦੇ ਗਠਨ ਬਾਰੇ ਸਹਿਮਤੀ ਪ੍ਰਗਟ ਕੀਤੀ ਗਈ। |
| 4. | ਪ੍ਰੋਬੇਸ਼ਨ ਸਮੇਂ ਦੌਰਾਨ ਕੀਤੀ ਗਈ ਸੇਵਾ ਨੂੰ ਕੁਆਲੀਫਾਈਂਗ ਸੇਵਾ ਗਿਣਨ ਬਾਰੇ | ਪ੍ਰੋਬੇਸ਼ਨ ਸਮੇਂ ਦੌਰਾਨ ਕੀਤੀ ਗਈ ਸੇਵਾ ਨੂੰ ਕੁਆਲੀਫਾਈਂਗ ਸੇਵਾ ਗਿਣਨ ਬਾਰੇ ਵਿੱਤ ਮੰਤਰੀ ਜੀ ਵੱਲੋਂ ਨਿੱਜੀ ਪੱਧਰ ਤੇ ਮਾਨਯੋਗ ਮੁੱਖ ਮੰਤਰੀ ਜੀ ਨਾਲ ਵਿਚਾਰ ਕਰਕੇ ਜਲਦ ਹਾਂ-ਪੱਖੀ ਫੈਸਲਾ ਕਰਨ ਬਾਰੇ ਸਹਿਮਤੀ ਪ੍ਰਗਟ ਕੀਤੀ ਗਈ। |
| 5. | ਬਰਾਬਰ ਕੰਮ-ਬਰਾਬਰ ਤਨਖਾਹ: | ਕਮੇਟੀ ਵੱਲੋਂ ਦੱਸਿਆ ਗਿਆ ਕਿ ਹਾਲਾਂਕਿ ਇਸ ਮਾਮਲੇ ਵਿੱਚ ਸਰਕਾਰ ਵੱਲੋਂ ਮਾਨਯੋਗ ਸੁਪਰੀਮ ਕੋਰਟ ਵਿਖੇ ਐਲ.ਪੀ.ਏ. ਦਾਇਰ ਕੀਤੀ ਗਈ ਹੈ ਫਿਰ ਵੀ ਸਰਕਾਰ ਵੱਲੋਂ ਵਧੇਰੇ ਯੋਗ ਉਮੀਦਵਾਰਾਂ ਨੂੰ ਆਕਰਸ਼ਿਤ ਕਰਨ ਲਈ ਸਿਹਤ ਵਿਭਾਗ ਦੇ ਡਾਕਟਰਾਂ ਨੂੰ ਦਿੱਤੇ ਜਾ ਰਹੇ ਫੁੱਲ ਬੈਨੀਫਿਟਸ ਦੀ ਤਰਜ ਤੇ ਨੇੜਲੇ ਭਵਿੱਖ ਵਿੱਚ ਇਸ ਨੂੰ ਲਾਗੂ ਕਰਨ ਲਈ ਕਮੇਟੀ ਵੱਲੋ ਮੁੜ ਵਿਚਾਰਨ ਦਾ ਐਲਾਨ ਕੀਤਾ। |
| 6. | ਕੱਚੇ ਕਾਮਿਆਂ ਨੂੰ ਪੱਕਾ ਕਰਨ ਬਾਰੇ: | ਕਮੇਟੀ ਵੱਲੋਂ ਦੱਸਿਆ ਗਿਆ ਕਿ ਉਸ ਇਸ ਮੁੱਦੇ ਤੇ ਸਰਕਾਰ ਵੱਲੋਂ ਸਿਧਾਂਤਕ ਤੌਰ ਤੇ ਹਾਮੀ ਭਰੀ ਗਈ ਅਤੇ ਦੱਸਿਆ ਕਿ 2016 ਦੇ ਐਕਟ ਵਿੱਚ ਸੋਧ ਕੀਤੀ ਜਾ ਰਹੀ ਹੈ ਅਤੇ ਸ਼ੀਘਰ ਹੀ ਇਸ ਐਕਟ ਨੂੰ ਲਾਗੂ ਕਰ ਦਿੱਤਾ ਜਾਵੇਗਾ। |
| 7. | ਪੇਅ ਕਮਿਸ਼ਨ ਸਬੰਧੀ | ਪੇਅ ਕਮਿਸ਼ਨ ਮਿਤੀ 31.12.2019 ਤੋਂ ਪਹਿਲਾਂ ਹਰ ਹਾਲ ਵਿੱਚ ਲਾਗੂ ਕਰ ਦਿੱਤਾ ਜਾਵੇਗਾ। |

ਉਪਰੋਕਤ ਤੋਂ ਇਲਾਵਾ ਬਾਕੀ ਦੀਆਂ ਮੰਗਾਂ ਤੇ ਵਿਚਾਰ ਵਟਾਂਦਰਾ ਕਰਦੇ ਹੋਏ ਕਮੇਟੀ ਵੱਲੋਂ ਅਗਲੇ ਹਫਤੇ ਜੱਥੇਬੰਦੀ ਨੂੰ ਮੀਟਿੰਗ ਦਿੱਤੀ ਗਈ, ਜਿਸ ਸਬੰਧੀ ਮਿਤੀ ਅਤੇ ਸਮਾਂ ਜਲਦੀ ਦੱਸਿਆ ਜਾਵੇਗਾ। ਇਸ ਬਾਰੇ ਖੁਸ਼ਗਵਾਰ ਘੋਸ਼ਣਾ ਆਉਣ ਉਪਰੰਤ ਜੱਥੇਬੰਦੀ ਵੱਲੋਂ ਪ੍ਰਤੀਕਰਮ ਦਿੱਤਾ ਜਾਵੇਗਾ।

25/2/2019

ਮੇਘ ਸਿੰਘ ਸਿੱਧੂ
ਸੂਬਾ ਪ੍ਰਧਾਨ, ਪੀ.ਐਸ.ਐਮ.ਐਸ.ਯੂ.